ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ (ਤਕਨੀਕੀ ਸਿਖਿਆ ਵਿੰਗ), ਚੰਡੀਗੜ੍ਹ।

ਪਿੱਠ ਅੰਕਣ ਨੰ: 1/ਟੀਈ/ 22 /ਸਕਾਲਰਸ਼ਿਪ ਮਿਤੀ: 15/1/15

ਇਸ ਰਾਹੀ ਸਮੂਹ ਸੈਕਸਨਿੰਗ ਅਥਾਰਟੀ/ਪ੍ਰਿੰਸੀਪਲ ਸਰਕਾਰੀ ਬਹੁਤਕਨੀਕੀ/ਇੰਜਨੀਅਰਿੰਗ ਕਾਲਜਾਂ ਨੂੰ ਭਲਾਈ ਵਿਭਾਗ ਪਾਸੋਂ ਪ੍ਰਾਪਤ ਹੋਏ ਪੱਤਰ ਨੰ: ਸ-17/1172-79 ਮਿਤੀ 12.1.2015 ਅਤੇ ਪੱਤਰ ਨੰ: ਸ-17/1180-87 ਮਿਤੀ 12.01.2015 ਕਾਰਵਾਈ ਹਿੱਤ ਭੇਜੇ ਜਾਂਦੇ ਹਨ।

ਨੱਥੀ/ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 1/ਟੀਈ/ 23 /ਸਕਾਲਰਸ਼ਿਪ ਮਿਤੀ: 15/1/15

ਉਪਰੋਕਤ ਦਾ ਉਤਾਰਾ ਪ੍ਰੋਗਰਾਮਰ (ਮੁੱਖ ਦਫਤਰ) ਨੂੰ ਸਹਿ ਪੱਤਰਾਂ ਸਮੇਤ ਵਿਭਾਗ ਦੀ ਵੈਬ-ਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਡਾਇਰੈਕਟੋਰੇਟ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,

ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ

ਟੈਲੀਫੋਨ ਨੰ. 2600538, 2602912 (ਫੈਕਸ)

1. ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

2. ਡੀ.ਪੀ.ਆਈ (ਕਾਲਜਿਜ),
ਪੰਜਾਬ, ਚੰਡੀਗੜ੍ਹ।

3. ਡੀ.ਪੀ.ਆਈ (ਸਕੂਲਜ਼),
ਸਾਹਿਬਜਾਦਾ ਅਜੀਤ ਸਿੰਘ ਨਗਰ
ਮੋਹਾਲੀ।

4. ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿਖਿਆ ਵਿਭਾਗ,
ਪੰਜਾਬ,ਚੰਡੀਗੜ੍ਹ।

5. ਡਾਇਰੈਕਟਰ,
ਐਸ.ਸੀ.ਈ.ਆਰ.ਟੀ,
ਚੰਡੀਗੜ੍ਹ।

6. ਡਾਇਰੈਕਟਰ,
ਪਸ਼ੂ ਪਾਲਣ ਵਿਭਾਗ, ਪੰਜਾਬ,
ਚੰਡੀਗੜ੍ਹ।

7. ਡਾਇਰੈਕਟਰ,
ਖੇਤੀ ਬਾੜੀ ਵਿਭਾਗ,
ਪੰਜਾਬ, ਚੰਡੀਗੜ੍ਹ।

8. ਇੰਨਫਰਮੈਟਿਕ ਅਫਸਰ,
ਐਨ.ਆਈ.ਸੀ, ਕਮਰਾ ਨੰ. 109,
ਮਿੰਨੀ ਸਕੱਤਰੇਤ, ਚੰਡੀਗੜ੍ਹ।

ਮੀਮੋ ਨੰ: ਸ-17/ 1172-1179

ਮਿਤੀ, ਚੰਡੀਗੜ੍ਹ 12-1-15

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਮਿਤੀ 31-12-2014 ਨੂੰ ਬਾਅਦ ਦੁਪਹਿਰ 3.00 ਵਜੇ ਡਾਇਰੈਕਟਰ ਭਲਾਈ ਜੀ ਦੀ ਪ੍ਰਧਾਨਗੀ ਹੇਠ, ਲਾਗੂਕਰਤਾ ਵਿਭਾਗਾਂ ਨਾਲ ਅਸ਼ੀਰਵਾਦ ਪੋਰਟਲ ਸਬੰਧੀ ਹੋਈ ਮੀਟਿੰਗ ਦੀ ਕਾਰਵਾਈ

ਉਪਰੋਕਤ ਵਿਸ਼ੇ ਸਬੰਧੀ ਮਿਤੀ 31-12-2014 ਨੂੰ ਬਾਅਦ ਦੁਪਹਿਰ 3.00 ਵਜੇ, ਡਾਇਰੈਕਟਰ ਭਲਾਈ ਜੀ ਦੀ ਪ੍ਰਧਾਨਗੀ ਹੇਠ, ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਲਾਗੂਕਰਤਾ ਵਿਭਾਗਾਂ ਨਾਲ ਅਸ਼ੀਰਵਾਦ ਪੋਰਟਲ ਸਬੰਧੀ ਹੋਈ ਮੀਟਿੰਗ ਦੀ ਕਾਰਵਾਈ, ਇਸ ਪੱਤਰ ਨਾਲ ਨੱਥੀ ਕਰਕੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ/ਮੀਟਿੰਗ ਦੀ ਕਾਰਵਾਈ

ਡਾਇਰੈਕਟਰ

**ਪੋਸਟ ਮੈਟ੍ਰਿਕ ਸਕਾਲਰਸ਼ਿਪ ਫ਼ਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਮਿਤੀ 31-12-2014 ਨੂੰ ਬਾਅਦ ਦੁਪਹਿਰ 3.00 ਵਜੇ ਡਾਇਰੈਕਟਰ ਭਲਾਈ ਜੀ ਦੀ ਪ੍ਰਧਾਨਗੀ ਹੇਠ, ਲਾਗੂਕਰਤਾ ਵਿਭਾਗਾਂ ਨਾਲ ਅਸ਼ੀਰਵਾਦ ਪੋਰਟਲ ਸਬੰਧੀ ਹੋਈ ਮੀਟਿੰਗ ਦੀ ਕਾਰਵਾਈ**

ਮੀਟਿੰਗ ਵਿਚ ਹਾਜ਼ਰ ਅਧਿਕਾਰੀਆਂ ਦੀ ਸੂਚੀ ਅਨੁਲੱਗ ੳ ਤੇ ਨੱਥੀ ਹੈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਫੈਸਲੇ ਹੋਏ :-

- ਸੈਂਕਸ਼ਨ ਅਥਾਰਟੀਆਂ ਵਲੋਂ ਰੀਜੈਕਟ ਕੇਸਾ ਦੇ ਸਬੰਧ ਵਿੱਚ ਫੈਸਲਾ ਹੋਇਆ ਕਿ ਜਿਹੜੇ ਵਿਦਿਆਰਥੀਆਂ ਦੇ ਰਿਜਲਟ ਦੇਰੀ ਨਾਲ ਜਾਰੀ ਹੋਣ ਕਾਰਨ ਰੀਜੈਕਟ ਕਰ ਦਿੱਤੇ ਗਏ ਹਨ, ਉਸ ਵਿੱਚ ਵਿਦਿਆਰਥੀਆਂ ਦਾ ਕੋਈ ਦੋਸ਼ ਨਹੀਂ, ਕਿਉਂਕਿ ਉਨ੍ਹਾਂ ਵਿਦਿਆਰਥੀਆਂ ਨੇ ਨਿਸ਼ਚਿਤ ਸਮੇਂ ਦੇ ਅੰਦਰ ਅਸ਼ੀਰਵਾਦ ਪੋਰਟਲ ਤੇ ਅਪਲਾਈ ਕੀਤਾ ਸੀ, ਪਰੰਤੂ ਉਨ੍ਹਾਂ ਦਾ ਰੀਜਲਟ ਜਾਰੀ ਨਾ ਹੋਣ ਕਾਰਨ ਸੈਕਸਨ ਅਥਾਰਟੀਆਂ ਵਲੋਂ ਕਲੇਮ ਪਰਮਾਨੈਂਟ ਰੀਜੈਕਟ ਕਰ ਦਿੱਤੇ ਗਏ ਸਨ। ਮੀਟਿੰਗ ਦੌਰਾਨ ਇਸ ਸਬੰਧੀ ਫੈਸਲਾ ਹੋਇਆ ਹੈ ਕਿ ਉਕਤ ਕਾਰਨ ਸਦਕਾ ਰੀਜੈਕਟ ਕੀਤੇ ਕਲੇਮਾਂ ਤੇ ਮੁੜ ਵਿਚਾਰ ਕੀਤਾ ਜਾਵੇ;
- ਸੰਸਥਾਵਾਂ ਨੇ ਡਾਟਾ ਸੈਕਸਨ ਅਥਾਰਿਟੀ ਨੂੰ ਭੇਜਿਆ ਹੈ, ਜਿਸ ਨੂੰ ਨਾ ਤਾਂ ਰੀਜੈਕਟ ਕੀਤਾ ਹੈ ਅਤੇ ਨਾਂ ਹੀ ਪ੍ਰਵਾਨ ਕੀਤਾ ਹੈ, ਸੈਕਸਨ ਅਥਾਰਿਟੀਆਂ ਦੇ ਪੱਧਰ ਤੇ ਵਿਭਾਗ ਵਾਈਜ, ਹੇਠ ਲਿਖੇ ਅਨੁਸਾਰ ਕਾਫੀ ਡਾਟਾ ਪੈਡਿੰਗ ਹੈ:

| ਲੜੀ ਨੰ: | ਵਿਭਾਗ ਦਾ ਨਾਂ | ਸੈ.ਅਥਾ.ਵਲੋਂ ਲਾਗੂ ਕਰਤਾ ਵਿਭਾਗਾਂ ਨੂੰ ਭੇਜੀਆਂ ਅਰਜੀਆਂ | ਭਲਾਈ ਵਿਭਾਗ ਨੂੰ ਭੇਜੀਆਂ ਅਰਜੀਆਂ | ਰੀਜੈਕਟ ਅਰਜੀਆਂ | ਸੈਕਸ਼ਨ ਅਥਾਰਟੀ ਵੱਲ ਪੈਡਿੰਗ ਅਰਜੀਆਂ |
|---|---|---|---|---|---|
| 1 | ਐਨੀਮਲ ਹਸਬੈਡਰੀ | 45 | 45 | 0 | 0 |
| 2 | ਡੀ.ਪੀ.ਆਈ.(ਕਾ.) | 68255 | 41717 | 787 | 25751 |
| 3 | ਡੀ.ਪੀ.ਆਈ(ਸ) | 138686 | 129885 | 780 | 8021 |
| 4 | ਡੀ.ਆਰ.ਐਮ.ਈ | 8550 | 7990 | 60 | 500 |
| 5 | ਡੀ.ਟੀ.ਈ.(ਪੋਲੀ.) | 64331 | 56496 | 6576 | 1259 |
| 6 | ਡੀ.ਟੀ.ਈ.(ਆਈ.ਟੀ.ਆਈ) | 14337 | 13131 | 538 | 668 |
| 7 | ਐਸ.ਸੀ.ਈ.ਆਰ.ਟੀ | 2054 | 1951 | 69 | 34 |
| | ਕੁੱਲ ਜੋੜ | 296258 | 251215 | 8810 | 36233 |

ਸੈਂਕਸ਼ਨ ਅਥਾਰਟੀਆਂ ਵੱਲ 36233 ਕੇਸਾਂ ਦਾ ਨਿਪਟਾਰਾ ਕਰਨਾ ਬਾਕੀ ਹੈ।

- ਵੱਖ-ਵੱਖ ਜਥੇਬੰਦੀਆਂ ਵਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ, ਜਥੇਬੰਦੀਆਂ ਦੀ ਮੰਗ ਅਨੁਸਾਰ ਰੀਜਲਟ ਲੇਟ ਕਾਰਨ ਰਿਜੈਕਟ ਕੀਤਾ ਗਿਆ ਡਾਟਾ ਮੁੜ ਵਿਚਾਰਿਆ ਜਾਵੇਗਾ;
- ਸੈਂਕਸ਼ਨ ਅਥਾਰਿਟੀ/ਲਾਗੂ ਕਰਤਾ ਵਿਭਾਗ ਦੀ ਪੱਧਰ ਤੇ ਪੈਡਿੰਗ ਰਹਿ ਗਏ ਵਿਦਿਆਰਥੀਆਂ ਨੂੰ ਸਿਫਾਰਸ ਕਰਨ ਹਿੱਤ ਪੋਰਟਲ ਮਿਤੀ 12-1-2015 ਤੋਂ 18-1-2015 ਤੱਕ ਕੇਵਲ ਸੈਕਸਨ ਅਥਾਰਟੀ/ਲਾਗੂ ਕਰਤਾ ਵਿਭਾਗ ਲਈ ਖੋਲ੍ਹਣ ਬਾਰੇ ਐਨ.ਆਈ.ਸੀ. ਨੂੰ ਲਿਖਣਾ ਯੋਗ ਹੋਵੇਗਾ;
- ਐਨ.ਆਈ.ਸੀ. ਸੈਂਕਸ਼ਨ ਅਥਾਰਟੀਆਂ ਵਲੋਂ ਪਰਮਾਨੈਂਟ ਰਿਜੈਕਟ ਹੋਏ ਕੇਸਾਂ ਵਿੱਚ ਯੋਗ ਵਿਦਿਆਰਥੀਆਂ ਦੀਆਂ ਸਿਫਾਰਸ਼ਾਂ ਐਕਸਲ ਰੂਪ ਵਿੱਚ, ਮੈਨੂਅਲ ਡਾਟੇ ਵਜੋਂ ਸਬੰਧਤ ਸੈਂਕਸ਼ਨ ਅਥਾਰਟੀ/ਲਾਗੂ ਕਰਤਾ ਵਿਭਾਗ ਨੂੰ ਮੁਹੱਈਆ ਕਰਵਾਏਗੀ;
- ਸੈਂਕਸ਼ਨ ਅਥਾਰਟੀਆਂ, ਜਿਨ੍ਹਾ ਦੇ ਪੱਧਰ ਤੇ ਡਾਟਾ ਪੈਡਿੰਗ ਰਿਹਾ ਹੈ, ਡਾਟੇ ਦੀ ਗਿਣਤੀ ਉਕਤ ਅਨੁਸਾਰ ਦਰਸਾਉਂਦੇ ਹੋਏ ਸਬੰਧਤ ਸੈਕਸਨ ਅਥਾਰਟੀਆਂ ਵਿਰੁੱਧ ਕਾਰਵਾਈ ਕਰਨ ਲਈ, ਉਨ੍ਹਾਂ ਦੇ ਵਿਭਾਗਾਂ ਦੇ ਪ੍ਰਮੁੱਖ ਸਕੱਤਰਾਂ ਨੂੰ ਮਾਨਯੋਗ ਭਲਾਈ ਮੰਤਰੀ ਜੀ ਦੁਆਰਾ ਕਾਰਵਾਈ ਕਰਨ ਸਬੰਧੀ;
- ਸਬੰਧਤ ਵਿਭਾਗਾਂ ਨੂੰ ਸਾਲ 2014-15 ਦਾ ਭੇਜਿਆ ਗਿਆ ਡਾਟਾ ਕਲੀਨ ਅਤੇ ਨਿਯਮਾ ਅਨੁਸਾਰ ਡਾਈਵ ਕਰਕੇ ਇਕ ਹਫਤੇ ਦੇ ਅੰਦਰ ਭਲਾਈ ਵਿਭਾਗ ਨੂੰ ਭੇਜਿਆ ਜਾਏ।

# ਅਨੁਲੱਗ ੳ

ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਮਿਤੀ 31-12-2014 ਨੂੰ ਬਾਅਦ ਦੁਪਹਿਰ 3.00 ਵਜੇ ਡਾਇਰੈਕਟਰ ਭਲਾਈ ਜੀ ਦੀ ਪ੍ਰਧਾਨਗੀ ਹੇਠ, ਲਾਗੂਕਰਤਾ ਵਿਭਾਗਾਂ ਨਾਲ ਅਸ਼ੀਰਵਾਦ ਪੋਰਟਲ ਸਬੰਧੀ ਹੋਈ ਮੀਟਿੰਗ ਵਿਚ ਹਾਜ਼ਰ ਅਧਿਕਾਰੀਆਂ ਦੀ ਸੂਚੀ

| ਲੜੀ ਨੰ. | ਅਧਿਕਾਰੀ ਦਾ ਨਾਂ/ਅਹੁਦਾ ਸਰਵ ਸ੍ਰੀ/ਸ੍ਰੀਮਤੀ | ਵਿਭਾਗ ਦਾ ਨਾਂ |
|---|---|---|
| 1. | ਬਿੰਦੂ ਵਾਲੀਆ, ਨੋਡਲ ਅਫਸਰ | ਵਧੀਕ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ |
| 2. | ਜਸਵਿੰਦਰ ਸਿੰਘ ਗਿੱਲ, ਨੋਡਲ ਅਫਸਰ | ਡਿਪਟੀ ਡਾਇਰੈਕਟਰ, ਭਲਾਈ ਵਿਭਾਗ |
| 3. | ਨਲਿਨੀ ਸ਼ਰਮਾ, ਨੋਡਲ ਅਫਸਰ | ਡੀ.ਪੀ.ਆਈ (ਸ), ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ |
| 4. | ਵਿਜੈਇੰਦਰ ਧਵਨ, ਨੋਡਲ ਅਫਸਰ | ਤਕਨੀਕੀ ਸਿੱਖਿਆ ਵਿਭਾਗ (ਆਈ.ਟੀ.ਵਿੰਗ), ਪੰਜਾਬ |
| 5. | ਪਰਵੀਨ ਕੌਰ, ਨੋਡਲ ਅਫਸਰ | ਤਕਨੀਕੀ ਸਿੱਖਿਆ ਵਿਭਾਗ (ਟੈਕਨੀਕਲ ਐਜੂਕੇਸ਼ਨ ਵਿੰਗ) |
| 6. | ਸੁਖਵਿੰਦਰ ਸਿੰਘ, ਟੀ.ਏ. | ਤਕਨੀਕੀ ਸਿੱਖਿਆ ਵਿਭਾਗ (ਆਈ.ਟੀ.ਵਿੰਗ), ਪੰਜਾਬ |
| 7. | ਗਗਨਦੀਪ ਸਿੰਘ, ਨੋਡਲ ਅਫਸਰ | ਐਸ.ਸੀ.ਈ.ਆਰ.ਟੀ. ਪੰਜਾਬ ਐਜੂਕੇਸ਼ਨ ਬੋਰਡ ਕੰਪਲੈਕਸ, ਐਸ.ਏ.ਐਸ.ਨਗਰ, ਮੋਹਾਲੀ |
| 8. | ਹਰਪ੍ਰੀਤ ਸਿੰਘ, ਕੰਪਿਊਟਰ ਓਪਰੇਟਰ | ਐਸ.ਸੀ.ਈ.ਆਰ.ਟੀ. ਪੰਜਾਬ ਐਜੂਕੇਸ਼ਨ ਬੋਰਡ ਕੰਪਲੈਕਸ, ਐਸ.ਏ.ਐਸ.ਨਗਰ, ਮੋਹਾਲੀ |
| 9. | ਰਾਜਿੰਦਰ ਕੌਰ, ਲੈਕਚਰਾਰ | ਐਸ.ਸੀ.ਈ.ਆਰ.ਟੀ. ਪੰਜਾਬ ਐਜੂਕੇਸ਼ਨ ਬੋਰਡ ਕੰਪਲੈਕਸ, ਐਸ.ਏ.ਐਸ.ਨਗਰ, ਮੋਹਾਲੀ |
| 10. | ਗਰਿੰਦਰ ਸਿੰਘ, ਸੀਨੀਅਰ ਸਹਾਇਕ | ਡੀ.ਪੀ.ਆਈ (ਕਾ), ਪੰਜਾਬ, ਚੰਡੀਗੜ੍ਹ |
| 11. | ਅਨਿਲ ਡੋਗਰਾ, ਇਨਫਾਰਮੈਟਿਕ ਅਫਸਰ | ਐਨ.ਆਈ.ਸੀ, ਕਮਰਾ ਨੰ. 109, ਮਿੰਨੀ ਸਕੱਤਰੇਤ, ਚੰਡੀਗੜ੍ਹ। |
| 12. | ਕ੍ਰਿਸ਼ਨ ਲਾਲ, ਟੈਕਨੀਕਲ ਡਾਇਰੈਕਟਰ | ਐਨ.ਆਈ.ਸੀ, ਕਮਰਾ ਨੰ. 109, ਮਿੰਨੀ ਸਕੱਤਰੇਤ, ਚੰਡੀਗੜ੍ਹ |

ਸੇਵਾ ਵਿਖੇ

1. ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

2. ਡੀ.ਪੀ.ਆਈ (ਕਾਲਜਿਜ),
ਪੰਜਾਬ, ਚੰਡੀਗੜ੍ਹ।

3. ਡੀ.ਪੀ.ਆਈ (ਸਕੂਲਜ਼),
ਸਾਹਿਬਜਾਦਾ ਅਜੀਤ ਸਿੰਘ ਨਗਰ
ਮੋਹਾਲੀ।

4. ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿਖਿਆ ਵਿਭਾਗ,
ਪੰਜਾਬ,ਚੰਡੀਗੜ੍ਹ।

5. ਡਾਇਰੈਕਟਰ,
ਐਸ.ਸੀ.ਈ.ਆਰ.ਟੀ,
ਚੰਡੀਗੜ੍ਹ।

6. ਡਾਇਰੈਕਟਰ,
ਪਸ਼ੂ ਪਾਲਣ ਵਿਭਾਗ, ਪੰਜਾਬ,
ਚੰਡੀਗੜ੍ਹ।

7. ਡਾਇਰੈਕਟਰ,
ਖੇਤੀ ਬਾੜੀ ਵਿਭਾਗ,
ਪੰਜਾਬ, ਚੰਡੀਗੜ੍ਹ।

8. ਇੰਨਫਰਮੈਟਿਕ ਅਫਸਰ,
ਐਨ.ਆਈ.ਸੀ, ਕਮਰਾ ਨੰ. 109,
ਮਿੰਨੀ ਸਕੱਤਰੇਤ, ਚੰਡੀਗੜ੍ਹ।

ਮੀਮੋ ਨੰ: ਸ-17/ 1180-87
ਮਿਤੀ, ਚੰਡੀਗੜ੍ਹ 12-1-15

ਵਿਸ਼ਾ: ਸਕਾਲਰਸ਼ਿਪ ਪੋਰਟਲ 2014-15 ਸਬੰਧੀ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਅਧੀਨ ਸਾਲ 2014-15 ਦੌਰਾਨ ਆਸ਼ੀਰਵਾਦ ਪੋਰਟਲ ਤੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਲਈ ਮਿਤੀ 31-12-2014 ਨੂੰ ਡਾਇਰੈਕਟਰ, ਭਲਾਈ ਵੱਲੋਂ, ਲਾਗੂਕਰਤਾ ਵਿਭਾਗਾਂ ਨਾਲ ਹੋਈ ਮੀਟਿੰਗ ਦੇ ਆਧਾਰ ਤੇ ਸਕੱਤਰ ਭਲਾਈ ਜੀ ਵੱਲੋਂ ਹੋਏ ਹੁਕਮਾਂ ਅਨੁਸਾਰ, ਆਪ ਦੇ ਵਿਭਾਗ ਅਧੀਨ ਆਉਂਦੀਆਂ ਸੰਸਥਾਵਾਂ ਵੱਲੋਂ ਸੈਂਕਸ਼ਨਿੰਗ ਅਥਾਰਟੀਆਂ ਨੂੰ ਭੇਜੇ ਗਏ ਡਾਟੇ ਦੀ ਮਿਤੀ 31-12-2014 ਸਵੇਰ ਤੱਕ ਦੀ ਰਿਪੋਰਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਵਿਭਾਗ ਦਾ ਨਾਂ | ਸੰਸਥਾ ਵਲੋਂ ਸੈਂਕਸ਼ਨਿੰਗ ਅਥਾਰਟੀਆਂ ਨੂੰ ਭੇਜੀਆ ਅਰਜੀਆਂ | ਸੈਂਕਸ਼ਨਿੰਗ ਅਥਾਰਟੀ ਵੱਲੋਂ ਪ੍ਰਵਾਨ ਕਰਨ ਉਪਰੰਤ ਭਲਾਈ ਵਿਭਾਗ ਨੂੰ ਪ੍ਰਾਪਤ ਡਾਟਾ | ਰੀਜੈਕਟ ਅਰਜੀਆਂ | ਸੈਂਕਸ਼ਨਿੰਗ ਅਥਾਰਟੀ ਵੱਲ, ਬਿਨਾਂ ਕੋਈ ਫੈਸਲੇ ਕੀਤੇ ਪੈਂਡਿੰਗ ਅਰਜੀਆਂ |
|---|---|---|---|---|---|
| 1 | ਐਨੀਮਲ ਹਸਬੈਂਡਰੀ | 45 | 45 | 0 | 0 |
| 2 | ਡੀ.ਪੀ.ਆਈ.(ਕਾ.) | 68255 | 41717 | 787 | 25751 |
| 3 | ਡੀ.ਪੀ.ਆਈ(ਸ) | 138686 | 129885 | 780 | 8021 |
| 4 | ਡੀ.ਆਰ.ਐਮ.ਈ | 8550 | 7990 | 60 | 500 |
| 5 | ਡੀ.ਟੀ.ਈ.(ਪੋਲੀ.) | 64331 | 56496 | 6576 | 1259 |
| 6 | ਡੀ.ਟੀ.ਈ.(ਆਈ.ਟੀ.ਆਈ) | 14337 | 13131 | 538 | 668 |
| 7 | ਐਸ.ਸੀ.ਈ.ਆਰ.ਟੀ | 2054 | 1951 | 69 | 34 |
| | ਜੋੜ ਜੋੜ | [illegible] | 251215 | 8810 | 36233 |

ਉਕਤ ਡਾਟੇ ਤੋਂ ਸਪਸ਼ਟ ਹੈ ਕਿ ਸੈਂਕਸ਼ਨਿੰਗ ਅਥਾਰਟੀਜ਼ ਨੇ ਆਪਣੇ ਪਾਸ ਅਜੇ ਵੀ ਐਪਲੀਕੇਸ਼ਨਾਂ ਬਿਨ੍ਹਾਂ ਕਿਸੇ ਫੈਸਲੇ ਤੋਂ ਪੈਂਡਿੰਗ ਰੱਖੀਆਂ ਹਨ, ਜਦੋਂ ਕਿ ਸਬੰਧਤ ਸੰਸਥਾਵਾਂ ਨੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਲਈ ਆਨ ਲਾਈਨ ਡਾਟਾ ਸੈਂਕਸ਼ਨਿੰਗ ਅਥਾਰਟੀਜ਼ ਨੂੰ ਭੇਜ ਦਿੱਤਾ ਸੀ। <u>ਅਜਿਹੀਆਂ ਸੈਂਕਸ਼ਨਿੰਗ ਅਥਾਰਟੀਆਂ ਦੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਸਬੰਧੀ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ।</u>

ਜਿਹੜੇ ਯੋਗ ਵਿਦਿਆਰਥੀਆਂ ਦੇ result late ਹੋਣ ਕਾਰਨ permanent rejection ਹੋਈ ਹੈ, ਦਾ ਡਾਟਾ ਮਿਤੀ 20-1-2015 ਤੱਕ ਪੋਰਟਲ ਤੇ ਦਰਜ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਐਕਸਲ ਸ਼ੀਟ ਵਿਚ (ਹਾਰਡ ਅਤੇ ਸਾਫਟ ਕਾਪੀਆਂ) ਭਲਾਈ ਵਿਭਾਗ, ਪੰਜਾਬ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ। ਜਿਨ੍ਹਾਂ ਵਿਦਿਆਰਥੀਆ ਦੇ ਸਕਾਲਰਸ਼ਿਪ ਲਈ ਸੈਂਕਸ਼ਨਿੰਗ ਅਥਾਰਟੀਆਂ ਨੇ ਕੋਈ ਫੈਸਲਾ ਨਹੀਂ ਕੀਤਾ ਅਤੇ ਆਪਣੇ ਪਾਸ ਕੇਸ ਪੈਂਡਿੰਗ ਰੱਖੇ ਹਨ, ਉਹ ਕੇਸ ਮਿਤੀ 12-1-2015 ਤੋਂ 18-1-2015 (ਅੱਧੀ ਰਾਤ) ਤੱਕ ਪੋਰਟਲ ਖੁਲ੍ਹਣ ਤੇ ਆਨ ਲਾਈਨ ਭੇਜੇ ਜਾਣੇ ਯਕੀਨੀ ਬਣਾਏ ਜਾਣ।

ਡਾਇਰੈਕਟੋਰੇਟ।